بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.04.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਸਾਨੂੰ ਇਸ ਰਮਜ਼ਾਨ ਵਿੱਚ ਜਤਨ ਕਰਨਾ ਚਾਹੀਦਾ ਹੈ ਕਿ ਅਸੀਂ ਰੱਬ ਦੀ ਨੇੜਤਾ ਪ੍ਰਾਪਤ ਕਰਨ ਲਈ ਉਸਦੇ ਆਦੇਸ਼ਾਂ ਉਪੱਰ ਚਲੱਣ ਵਾਲੇ ਹੋਈਏ ਅਤੇ ਉਹਨਾ ਲੋਕਾਂ ਵਿੱਚ ਰਲੀਏ ਜਿੰਨ੍ਹਾਂ ਦੀਆਂ ਦੁਆਵਾਂ ਪਰਵਾਨ ਹੁੰਦੀਆਂ ਹਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਅਪ੍ਰੈਲ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهُ لَا شَرِيۡكَ لَهُ وَأَشۡهَدُ أَنَّ مُحَمَّدًا عَبۡدُهُ وَرَسُولُهُ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَاِیَّاکَ نَسۡتَعِیۡنُ۔ اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਅਤੇ ਸੂਰਤ ਬਕਰਹ ਦੀ ਆਇਤ 184 ਤੋਂ 187 ਦੀ ਤਲਾਵਤ ਕਰਨ ਅਤੇ ਉਸਦੇ ਅਰਥ ਦਸੱਣ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਦੀ ਅਪਾਰ ਮਿਹਰ ਨਾਲ ਇਸ ਸਾਲ ਫਿਰ ਸਾਨੂੰ ਰਮਜ਼ਾਨ ਦੇ ਮਹੀਨਿ ਵਿੱਚੋਂ ਲੰਘਣ ਦਾ ਮੌਕਾ ਮਿਲ ਰਿਹਾ ਹੈ । ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਕੇਵਲ ਰਮਜ਼ਾਨ ਦੇ ਮਹੀਨਿ ਵਿੱਚੋਂ ਲੰਘਣਾ, ਸਿਹਰੀ ਤੇ ਅਫ਼ਤਾਰੀ ਕਰਨੀ ਬਹੁਤ ਨਹੀਂ ਸਗੋਂ ਰੋਜ਼ਿਆਂ ਦੇ ਨਾਲ ਨਾਲ ਸਾਨੂੰ ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰਨ ਦਾ ਹੁਕਮ ਦਿਤੱਾ ਗਿਆ ਹੈ । ਰੋਜ਼ਿਆਂ ਦੇ ਪੱਖੋਂ ਰੱਬ ਨੇ ਸਾਨੂੰ ਕੁਝ ਆਦੇਸ਼ ਦਿੱਤੇ ਹਨ ਅਤੇ ਇਹਨਾ'ਤੇ ਅਮਲ ਕਰਨ ਦੇ ਸਿੱਟੇ ਵੱਜੋਂ ਆਪਣੀ ਨੇੜਤਾ ਪ੍ਰਦਾਨ ਕਰਨ ਅਤੇ ਦੁਆਵਾਂ ਦੀ ਪ੍ਰਵਾਨਗੀ ਦੀ ਗੱਲ ਆਖੀ ਹੈ । ਜੋ ਆਇਤਾਂ ਮੈਂ ਪੜ੍ਹੀਆਂ ਹਨ ਇਹਨਾ ਵਿੱਚ ਰੱਬ ਨੇ ਰੋਜ਼ਿਆਂ ਨੂੰ ਫ਼ਰਜ਼ ਕਰਨ ਬਾਰੇ ਧਿਆਨ ਦੁਆਇਆ ਹੈ । ਬਿਮਾਰੀ ਜਾਂ ਹੋਰ ਉਚਿਤ ਕਾਰਣਾ ਕਰਕੇ ਰੋਜ਼ਿਆਂ ਦੀ ਛੁੱਟੀ ਅਤੇ ਬਾਦ ਵਿੱਚ ਗਿਣਤੀ ਪੂਰੀ ਕਰਨੀ, ਭਾਵ ਇਹ ਕਿ ਜੇਕਰ ਰੋਜ਼ਾ ਰਖੱਣ ਦੀ ਸ਼ਕਤੀ ਨ ਹੋਵੇ ਤਾਂ ਫ਼ਿੱਦੀਯਾ (ਇਕ ਪ੍ਰਕਾਦ ਦਾ ਦਾਨ) ਦੇਣ ਦਾ ਹੁਕਮ ਹੈ । ਕੁਰਆਨ ਕਰੀਮ ਦੀ ਮਹਾਨਤਾ ਅਤੇ ਇਸਦੇ ਨਾਜ਼ਲ ਕਰਨ ਬਾਰੇ ਦਸੱਕੇ ਇਹ ਸਮਝਾਇਆ ਗਿਆ ਹੈ ਕਿ ਇਸ ਸਿੱਖਿਆ ਉਪੱਰ ਅਮਲ ਕਰਨਾ ਸਾਡੇ ਲਈ ਸੁਮਾਰਗ ਅਤੇ ਇਮਾਨ (ਆਸਥਾ) ਦੀ ਪੱਕਿਆਈ ਦਾ ਸਾਧਨ ਹੈ । ਫਿਰ ਸਾਨੂੰ ਇਹ ਖ਼ੁਸ਼ਖ਼ਬਰੀ ਦਿੱਤੀ ਗਈ ਹੈ ਕਿ ਹੇ ਨਬੀ ! ਮੇਰੇ ਬੰਦਿਆਂ ਨੂੰ ਦਸੱਦੇ ਕਿ ਮੈਂ ਉਹਨਾ ਦੇ ਨੇੜੇ ਹਾਂ, ਦੁਆਵਾਂ ਨੂੰ ਸੁਣਦਾ ਹਾਂ ਅਤੇ ਪ੍ਰਵਾਨ ਕਰਦਾ ਹਾਂ ।

ਦੁਆ ਦੀ ਪ੍ਰਵਾਨਗੀ ਲਈ ਕੁਝ ਸ਼ਰਤਾਂ ਹਨ, ਜੱਦ ਅਸੀਂ ਇਹਨਾ ਸ਼ਰਤਾਂ ਅਨੁਸਾਰ ਆਪਣੀਆਂ ਦੁਅਵਾਂ ਵਿੱਚ ਸੁੰਦਰਤਾ ਪੈਦਾ ਕਰਾਂਗੇ ਤਾਂ ਰੱਬ ਨੂੰ ਆਪਣੇ ਨੇੜੇ ਅਤੇ ਦੁਆਵਾਂ ਨੂੰ ਸੁਣਨ ਵਾਲਾ ਦੇਖਾਂਗੇ । ਇਸ ਸਮੇਂ ਮੈਂ ਦੁਆਵਾਂ ਦੀ ਮਹਤੱਾ, ਦੁਆਵਾਂ ਦੀ ਪ੍ਰਵਾਨਗੀ ਦੀਆਂ ਸ਼ਰਤਾਂ ਅਤੇ ਫ਼ਲਸਫ਼ੇ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਫ਼ਰਮਾਨ ਵਰਨਣ ਕਰਾਂਗਾ । ਦੁਆ ਦੀ ਪ੍ਰਵਾਨਗੀ ਦੇ ਵਿਸ਼ੇ ਵਿੱਚ ਇਹ ਗੱਲ ਚੇਤੇ ਰਖੱਣ ਵਾਲੀ ਹੈ ਕਿ ਪਹਿਲਾ ਪੈਰ੍ਹ

ਬੰਦੇ ਨੇ ਹੀ ਚੁਕੱਣਾ ਹੈ । ਜੱਦ ਇਹ ਸਿਖ਼ਰ'ਤੇ ਹੁੰਦੀ ਹੈ ਤਾਂ ਫਿਰ ਰੱਬ ਦੀ ਰਹਿਮਤ ਤੇ ਮਿਹਰ ਜੋਸ਼ ਮਾਰਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਦੁਆ ਇਸਲਾਮ ਦਾ ਵਿਸ਼ੇਸ਼ ਗੁਣ ਹੈ ਅਤੇ ਮੁਸਲਮਾਨਾ ਨੂੰ ਇਸ'ਤੇ ਬਹੁਤ ਨਾਜ਼ ਹੈ । ਦੁਆ ਕੇਵਲ ਮੂੰਹੋਂ ਬੱਕ ਬੱਕ ਦਾ ਨਾਂ ਨਹੀਂ ਸਗੋਂ ਇਹ ਉਹ ਚੀਜ਼ ਹੈ ਜੋ ਮਨ ਵਿੱਚ ਰੱਬ ਦੇ ਖ਼ੌਫ਼ ਨਾਲ ਭਰੀ ਹੋਈ ਹੁੰਦੀ ਹੈ ਅਤੇ ਇਲਾਹੀ ਦਰਗਾਹ ਵਿੱਚ ਆਤਮਾ ਢਹਿ ਪੈਂਦੀ ਹੈ, ਇਹ ਉਹ ਅਵਸਥਾ ਹੈ ਜਿਸਨੂੰ ਹੋਰਨਾ ਸ਼ਬਦਾਂ ਵਿੱਚ ਮੌਤ ਕਹਿ ਸਕਦੇ ਹਾਂ, (ਭਾਵ ਆਪਣੇ ਆਪਨੂੰ ਮਾਰ ਲੈਂਣਾ ਹੈ ।)

ਦੁਆ ਦੀ ਪ੍ਰਵਾਨਗੀ ਦੇ ਮਸਲੇ ਨੂੰ ਬਿਆਨ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਦੁਆ ਦੀ ਪ੍ਰਵਾਨਗੀ ਦੀ ਸਮੱਸਿਆ ਵਾਸਤਵ ਵਿੱਚ ਦੁਆ ਦੀ ਸਮੱਸਿਆ ਦੀ ਸ਼ਾਖ਼ਾ ਹੈ । ਦੁਆ ਦੀ ਪ੍ਰਕ੍ਰਿਤੀ ਇਹ ਹੈ ਕਿ ਇਹ ਭਲੇ ਬੰਦੇ ਅਤੇ ਉਸਦੇ ਰੱਬ ਵਿੱਚ ਇਕ ਸੰਮੋਹਣ ਤੇ ਖਿੱਚ ਦਾ ਸੰਬੰਧ ਹੈ । ਜਿਸ ਸਮੇਂ ਬੰਦਾ ਕਿਸੇ ਕਸ਼ਟ ਵਿੱਚ ਗ੍ਰਿੱਸਿਆ ਹੋਇਆ ਰੱਬ ਵੱਲ ਪੂਰੇ ਵਿਸ਼ਵਾਸ, ਪ੍ਰੇਮ ਤੇ ਵਫ਼ਾਦਾਰੀ ਨਾਲ ਝੁਕੱਕੇ ਗ਼ਫ਼ਲਤਾਂ ਤੇ ਉਣਤਾਈ ਦੇ ਪਰਦਿਆਂ ਨੂੰ ਚੀਰਦਿਆਂ ਹੋਇਆਂ ਨਿਛਾਵਰ ਹੋਣ ਦੇ ਖੇਤਰ ਵਿੱਚ ਅੱਗੇ ਆ ਜਾਂਦਾ ਹੈ ਅਤੇ ਇਲਾਹੀ ਦਰਗਾਹ ਵਿੱਚ ਉਸਦੀ ਆਤਮਾ ਉਸਦੇ ਦਰ'ਤੇ ਸਿਰ ਧਰ ਦਿੰਦੀ ਹੈ ਤਾਂ ਜਜ਼ਬ (ਸੰਮੋਹਣ) ਕਰਨ ਦੀ ਜੋ ਸ਼ਕਤੀ ਉਸ ਵਿੱਚ ਰੱਖੀ ਗਈ ਹੈ ਉਹ ਰੱਬ ਦੀਆਂ ਮਿਹਰਾਂ ਨੂੰ ਆਪਣੇ ਵੱਲ ਖਿਚੱਦੀ ਹੈ ।

ਜਿਵੇਂ ਹਜ਼ਾਰਾਂ ਹੀ ਕ੍ਰਿਸ਼ਮੇ ਨਬੀਆਂ ਵੱਲੋਂ ਪ੍ਰਗਟ ਹੋਏ ਹਨ ਜਾਂ ਸਨਮਾਨ ਯੋਗ ਓਲੀਆਉਲੱਾਹ (ਰੱਬ ਦੇ ਸੱਚੇ ਮਿਤੱਰ) ਹੁਣ ਤੱਕ ਕ੍ਰਿਸ਼ਮੇ ਤੇ ਕਰਾਮਾਤ ਦਿਖਾਉਂਦੇ ਰਹੇ । ਇਸ ਦਾ ਮੂਲ ਸੋਮਾ ਇਹੋ ਦੁਆ ਹੈ ਅਤੇ ਬਹੁਤੀ ਵਾਰ ਇਹਨਾ ਦੁਆਵਾਂ ਦੇ ਪ੍ਰਭਾਵ ਹੇਠ ਹੀ ਵੱਖ ਵੱਖ ਪ੍ਰਕਾਰ ਦੇ ਕ੍ਰਿਸ਼ਮੇ ਕੁਦਰਤ ਦਾ ਤਮਾਸ਼ਾ ਦਿਖਾ ਰਹੇ ਹਨ ।

ਰੱਬ ਫ਼ਰਮਾਉਂਦਾ ਹੈ ਕਿ ਜੋ ਸਾਡੇ ਮਾਰਗ ਵਿੱਚ ਸੰਘਰਸ਼ ਕਰੇਗਾ ਅਸੀਂ ਉਸਨੂੰ ਆਪਣਾ ਮਾਰਗ ਦੱਸ ਦਿਆਂਗੇ। ਸੰਘਰਸ਼ ਪਹਿਲਾਂ ਬੰਦੇ'ਤੇ ਰੱਖਿਆ ਗਿਆ ਫਿਰ ਇਹ ਦੁਆ ਸਿਖਾਈ ਕਿ ਸਾਨੂੰ ਸਿਰਾਤੇ ਮੁਸਤਕੀਮ (ਸੁਮਾਰਗ) ਵੱਲ ਹਿਦਾਇਤ ਪ੍ਰਦਾਨ ਕਰ । ਸੋ, ਮਨੁੱਖ ਨੂੰ ਚਾਹੀਦਾ ਹੈ ਕਿ ਕਿ ਇਸ ਗੱਲ ਨੂੰ ਸੰਮੁੱਖ ਰਖੱਦਿਆਂ ਹੋਇਆਂ ਨਾਮਜ਼ ਵਿੱਚ ਪੂਰੇ ਜੀ ਜਾਨ ਨਾਲ ਦੁਆ ਕਰੇ । ਉਸ ਜਹਾਨ (ਪਰਲੈ) ਦੇ ਅਵਲੋਕਣ ਲਈ ਇਸੇ ਜਹਾਨ (ਸੰਸਾਰ) ਵਿੱਚੋਂ ਸਾਨੂੰ ਅਖੱਾਂ ਲੈ ਜਾਣੀਆਂ ਹਨ ।

ਸੋ, ਇਹਨਾ ਦਿਨਾ ਵਿੱਚ ਇਹ ਦੁਆ 'ਇਹਦਿਨਸ ਸਿਰਾਤਲ ਮੁਸਤਕੀਮ' (اِهْدِنَا الصِّرَاطَ الْمُسْتَقِيْمَ) ਬਹੁਤ ਕਰਨੀ ਚਾਹੀਦੀ ਹੈ । ਰੱਬ ਸਾਨੂੰ ਸੁਮਾਰਗ'ਤੇ ਚਲਾਏ । ਦਿਲਾਂ ਨੂੰ ਪਾਕ ਕਰਕੇ ਹਕੀਕੀ ਬੰਦਗੀ ਕਰਨ ਵਾਲਾ ਬਣਾਏ ਅਤੇ ਰੱਬ ਦੇ ਬੰਦਿਆਂ ਦੇ ਹੱਕ ਪੂਰੇ ਕਰਨ ਵਾਲਾ ਵੀ ਬਣਏ । ਅੱਜ ਕੱਲ ਜਿਵੇਂ ਕਟੱੜਵਾਦੀ ਕਰ ਰਹੇ ਹਨ ਇਹਨਾ ਵਾਂਗ ਨ ਹੋ ਜਾਣ ਕਿ ਰੱਬ ਅਤੇ ਉਸਦੇ ਰਸੂਲ ਦੇ ਨਾਂ'ਤੇ ਜ਼ੁਲਮ ਕੀਤੇ ਜਾ ਰਹੇ ਹਨ ।

ਕਈ ਲੋਕ ਕਹਿ ਦਿੰਦੇ ਹਨ ਕਿ ਅਸੀਂ ਤਾਂ ਐਨ੍ਹੇ ਪਾਪੀ ਹੋ ਗਏ ਹਾਂ ਕਿ ਹੁਣ ਰੱਬ ਸਾਨੂੰ ਬਖ਼ਸ਼ੇਗਾ ਨਹੀਂ । ਵਾਸਤਵ ਵਿੱਚ ਸ਼ੈਤਾਨ ਇਹ ਭਰਮ ਪਾ ਰਿਹਾ ਹੁੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸ਼ੈਤਾਨ ਦੇ ਇਸ ਹਮਲੇ ਤੋਂ ਬਚਣ ਲਈ ਤਰੀਕਾ ਦੱਸਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਪਾਪ ਕਰਨ ਵਾਲਾ ਬਹੁਤੇ ਪਾਪਾਂ ਦਾ ਵਿਚਾਰ ਕਰਕੇ ਦੁਆ ਕਰਨ ਤੋਂ ਉਕੱਾ ਹੀ ਨ ਮੁੜੇ । ਜੋ ਲੋਕ ਪਾਪਾਂ ਵਿੱਚ ਡੁਬੱਕੇ ਦੁਆਵਾਂ ਦੀ ਪਰਵਾਨਗੀ ਤੋਂ ਨਿਰਾਸ਼ ਹੋ ਜਾਂਦੇ ਹਨ ਅਤੇ ਤੋਬਾ (ਪਸ਼ਚਾਤਾਪ) ਵੱਲ ਧਿਆਨ ਨਹੀਂ ਦਿੰਦੇ, ਅਖੀਰ ਉਹ ਨਬੀਆਂ (ਅਵਤਾਰਾਂ) ਤੇ ਉਹਨਾ ਦੀਆਂ ਦੁਆਵਾਂ ਦੇ ਪ੍ਰਭਾਵਾਂ ਤੋਂ ਵੀ ਇਨਕਾਰੀ ਹੋ ਜਾਂਦੇ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੇ ਇਲਹਾਮ 'ਉਜੀਬੁ ਕੁਲੱਾ ਦੁਆਇਕਾ' (أُجِيۡبُ كُلَّ دُعَائِكَ) ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ 'ਕੁੱਲ' ਤੋਂ ਭਾਵ ਇਹ ਹੈ ਕਿ ਜਿੰਨ੍ਹਾ ਦੇ ਸੁਣਨ ਨਾਲ ਨੁਕਸਾਨ ਪਹੁੰਚਦਾ ਹੈ । ਜੇਕਰ ਰੱਬ ਸੀਖ ਸਿੱਖਿਆ ਦੇਣਾ ਤੇ ਸੁਧਾਰ ਕਰਨਾ ਚਾਹੁੰਦਾ ਹੈ ਤਾਂ ਰੱਦ ਕਰਨਾ ਵੀ ਦੁਆ ਦੀ ਪਰਵਾਨਗੀ ਹੈ । ਰਾਜ਼ ਤੇ ਭੇਦ ਇਹੋ ਹੈ ਕਿ ਦੁਆ ਕਰਨ ਵਾਲੇ ਲਈ ਖ਼ੈਰ ਤੇ ਭਲਾਈ ਦੁਆ ਦੇ ਰੱਦ ਕਰਨ ਵਿੱਚ ਹੀ ਹੁੰਦੀ ਹੈ । ਕਿਉਂਕਿ ਰੱਬ ਦੁਆ ਦੀ ਪਰਵਾਨਗੀ ਲਈ ਸਾਡੇ ਅਨੁਮਾਨ ਤੇ ਇਛੱਾ ਹੇਠ ਨਹੀਂ ਹੁੰਦਾ । ਮੈਂ ਆਪ ਇਸ ਸੰਬੰਧੀ ਇਕ ਤਜਰਬਾ ਰਖੱਦਾ ਹਾਂ ਕਿ ਦੁਆ ਵਿੱਚ ਜੱਦ ਕੋਈ ਅੰਗ ਨੁਕਸਾਨਦੇਹ ਹੁੰਦਾ ਹੈ ਤਾਂ ਦੁਆ ਉਕੱਾ ਹੀ ਪਰਵਾਨ ਨਹੀਂ ਹੁੰਦੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪ੍ਰਤੀਦਿਨ ਦੀ ਡਾਕ ਵਿੱਚ ਲੋਕਾਂ ਦੇ ਪਤੱਰ ਆਉਂਦੇ ਹਨ ਕਿ ਦੁਆ ਕਰਦੇ ਹਨ ਅਤੇ ਜ਼ਬਰਦਸਤੀ ਇਕ ਕੰਮ ਕਰਨ ਲਈ ਜਤਨ ਵੀ ਕਰਦੇ ਹਨ ਫਿਰ ਵੀ ਇਸਦੇ ਸਿੱਟੇ ਚੰਗੇ ਨਹੀਂ ਨਿਕਲਦੇ ਤਾਂ ਰੱਬ ਨਾਲ ਸ਼ਿਕਾਇਤ ਹੁੰਦੀ ਹੈ । ਇਸ ਬਾਰੇ ਪਹਿਲੀ ਗੱਲ ਤਾਂ ਇਹ ਹੈ ਕਿ ਕੀ ਦੁਆ ਨੂੰ ਉਸਦੇ ਸਿਖਰਾਂ ਤੱਕ ਪਹੁੰਚਾਇਆ ਕਿ ਨਿਹੀਂ । ਜੇਕਰ ਦੁਆ ਨੂੰ ਸਿਖਰਾਂ ਤੱਕ ਪਹੁੰਚਾਇਆ ਅਤੇ ਫਿਰ ਵੀ ਉਸਦੇ ਸਿੱਟੇ ਨਹੀਂ ਨਿਕਲੇ ਤਾਂ ਫਿਰ ਇਹ ਰੱਬ ਦੀ ਮਰਜ਼ੀ ਸੀ ਇਸੇ ਵਿੱਚ ਮਨੁੱਖ ਦਾ ਲਾਭ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਇਕ ਸੱਚੀ ਅਤੇ ਵਿਸ਼ਵਸਨੀ ਗੱਲ ਹੈ ਕਿ ਰੱਬ ਆਪਣੇ ਬੰਦਿਆਂ ਦੀਆਂ ਦੁਆਵਾਂ ਨੂੰ ਸੁਣਦਾ ਅਤੇ ਉਹਨਾ ਨੂੰ ਪਰਵਾਨਗੀ ਪ੍ਰਦਾਨ ਕਰਦਾ ਹੈ ਪਰ ਹਰ ਕਿਸੇ ਗਿੱਲੀ ਸੁੱਕੀ ਗੱਲ ਨੂੰ ਨਹੀਂ ਕਿਉਂਕਿ ਆਪੇ ਦੇ ਜੋਸ਼ ਦੇ ਸਬਬ ਮਨੁੱਖ ਸਿੱਟੇ ਤੇ ਫ਼ਲ ਨੂੰ ਨਹੀਂ ਦੇਖਦਾ ਅਤੇ ਦੁਆ ਕਰਦਾ ਹੈ ਪਰ ਰੱਬ ਇਹਨਾ ਦੇ ਨੁਕਸਾਨਾ ਅਤੇ ਭੈੜੇ ਸਿੱਟਿਆਂ ਨੂੰ ਸੰਮੁੱਖ ਰੱਖਦਿਆਂ ਹੋਇਆਂ ਦੁਆ ਨੂੰ ਰੱਦ ਵੀ ਕਰ ਦਿੰਦਾ ਹੈ ਅਤੇ ਇਹ ਰੱਦ ਕਰਨਾ ਹੀ ਉਸ ਲਈ ਦੁਆ ਦੀ ਪਰਵਾਨਗੀ ਹੁੰਦਾ ਹੈ ।

ਦੁਆ ਦੀ ਪਰਵਾਨਗੀ ਦੀਆਂ ਸ਼ਰਤਾਂ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ੂਰ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਦੁਆ ਕਰਾਉਣ ਲਈ ਜ਼ਰੂਰੀ ਹੁੰਦਾ ਹੈ ਕਿ ਦੁਆ ਕਰਾਉਂਣ ਵਾਲਾ ਰੱਬ ਦੇ ਖ਼ੌਫ਼ ਤੇ ਭੈਅ ਨੂੰ ਸੰਮੁੱਖ ਰੱਖੇ । ਸੰਜਮਤਾ, ਸੁਧਾਰ ਤੇ ਖ਼ੁਦਾ ਪ੍ਰਸਤੀ ਆਪਣਾ ਮਨੋਰਥ ਬਣਾਏ । ਸੰਜਮਤਾ ਅਤੇ ਸਚੱਾਈ ਨਾਲ ਰੱਬ ਨੂੰ ਖ਼ੁਸ਼ ਕਰੇ ਤਾਂ ਅਜਿਹੀ ਅਵਸਥਾ ਵਿੱਚ ਦੁਆ ਲਈ ਪ੍ਰਵਾਨਗੀ ਦਾ ਦਰ ਖੋਲਿਆ ਜਾਂਦਾ ਹੈ । ਫਿਰ ਦੁਆ ਦੀ ਪ੍ਰਵਾਨਗੀ ਲਈ ਇਹ ਵੀ ਜ਼ਰੂਰੀ ਹੈ ਕਿ ਮਨੁੱਖ ਆਸਥਾ ਦੇ ਪੱਖੋਂ ਵੀ ਮਜ਼ਬੂਤ ਹੋਵੇ, ਨੇਕ ਕਰਮ ਕਰਨ ਵਾਲਾ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੋ ਵਿਅਕਤੀ ਚੰਗੇ ਅਮਲਾਂ ਨਾਲ ਕੰਮ ਨਹੀਂ ਲੈਂਦਾ ਉਹ ਦੁਆ ਨਹੀਂ ਕਰਦਾ ਸਗੋਂ ਰੱਬ ਦੀ ਪਰਖ ਕਰਦਾ ਹੈ । ਜੋ ਲੋਕ ਕਹਿੰਦੇ ਹਨ ਕਿ ਜੱਦ ਦੁਆ ਹੋਈ ਤਾਂ ਸਬਬਾਂ ਦੀ ਕੀ ਲੋੜ ਹੈ ਉਹ ਮੂਰਖ ਸੋਚਣ ਕਿ ਦੁਆ ਆਪਣੇ ਆਪ ਵਿੱਚ ਇਕ ਗੁਪਤ ਸਬਬ ਹੈ ਜੋ ਦੂਜੇ ਸਬਬ ਪੈਦਾ ਕਰ ਦਿੰਦਾ ਹੈ । ਇਯੱਾਕਾ ਨਾਬੁਦੁ (إِيَّاكَ نَعۡبُدُ) ਦਾ ਅਗੇਤਰ ਇਯੱਾਕਾ ਨਸਤਾਈਨ (إِيَّاكَ نَسۡتَعِيۡنُ) ਤੇ ਜੋ ਦੁਆਈਆ ਕਲਮਾ ਹੈ ਇਸ ਗੱਲ ਦੀ ਵਿਸ਼ੇਸ਼ ਵਿਆਖਿਆ ਕਰ ਰਿਹਾ ਹੈ । ਰੱਬ ਦੇ ਦੋ ਨਾਂ 'ਅਜ਼ੀਜ਼' ਤੇ 'ਹਕੀਮ' ਹਨ । 'ਅਜ਼ੀਜ਼' ਤਾਂ ਇਹ ਹੈ ਕਿ ਹਰ ਕੰਮ ਕਰ ਦੇਣਾ ਅਤੇ 'ਹਕੀਮ' ਇਹ ਕਿ ਹਰ ਇਕ ਕੰਮ ਕਿਸੇ ਵਿਸ਼ੇਸ਼ ਹਿਕਮਤ (ਦਾਨਾਈ) ਨਾਲ ਮੌਕਾ ਮਹਿਲ ਅਨੁਸਾਰ ਉਚਿਤ ਤੇ ਢੁਕਵਾਂ ਕਰ ਦੇਣਾ ।

ਫ਼ਰਮਾਇਆ : ਤਕਵਾ (ਸੰਜਮਤਾ) ਨੂੰ ਸ਼ਰੀਅਤ ਦਾ ਸਾਰ ਅਤੇ ਸ਼ਰੀਅਤ ਦਾ ਦਿਮਾਗ਼ ਕਹਿ ਸਕਦੇ ਹਾਂ । ਜੇਕਰ ਜਾਚਕ ਸਚੱਾ ਹੋਕੇ ਆਰੰਭਕ ਪੜਾਵਾਂ ਤੇ ਮਰਹਲਿਆਂ ਨੂੰ ਲਗਨ ਤੇ ਇਮਾਨਦਾਰੀ ਨਾਲ ਪਾਰ ਕਰੇ ਤਾਂ ਉਹ ਇਸ

ਸਚਾਈ ਤੇ ਸੱਚੀ ਮੰਗ ਦੇ ਸਬਬ ਉੱਚ ਪਧੱਰਾਂ ਤੇ ਮਰਤਬਿਆਂ ਨੂੰ ਪਾ ਲੈਂਦਾ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਉਹ ਸੰਜਮੀਆਂ ਦੀਆਂ ਦੁਆਵਾਂ ਕੁਬੂਲ ਕਰਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ 'ਰਹਿਮ' (ਮਿਹਰ) ਦੀਆਂ ਕਿਸਮਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਰਹਿਮ ਦੋ ਪ੍ਰਕਾਰ ਦੇ ਹੁੰਦੇ ਹਨ ਇਕ 'ਰਹਿਮਾਨੀਯਤ' (ਦਿਆਲਤਾ) ਅਤੇ ਦੂਜਾ ਰਹੀਮੀਯਤ' (ਦਿਆਵਾਨ) । 'ਰਹਿਮਾਨੀਯਤ' (ਦਿਆਲਤਾ) ਤਾਂ ਇਕ ਅਜਿਹੀ ਦਿਆ ਹੈ ਜੋ ਧਰਤੀ, ਆਕਾਸ਼ ਅਤੇ ਸਾਰੇ ਬ੍ਰਹਮਾਂਡ ਦੀਆਂ ਚੀਜ਼ਾਂ ਦੇ ਰੂਪ ਵਿੱਚ ਸਾਡੀ ਹੋਂਦ ਤੋਂ ਪਹਿਲਾਂ ਤੋਂ ਹੀ ਅਰੰਭ ਹੋਈ ਤੇ ਪਸਰੀ ਹੋਈ ਹੈ । ਦੂਜੀ ਰਹਿਮਤ 'ਰਹੀਮੀਯਤ' (ਦਿਆਵਾਨ) ਦੀ ਹੈ ਅਰਥਾਤ ਜੱਦ ਅਸੀਂ ਦੁਆ ਕਰਦੇ ਹਾਂ ਤਾਂ ਰੱਬ ਸਾਨੂੰ ਪ੍ਰਦਾਨ ਕਰਦਾ ਹੈ । ਦੂਜੀ ਪ੍ਰਕਾਰ ਦਾ ਰਹਿਮ (ਰਹੀਮੀਯਤ) ਇਹ ਸਿੱਖਿਆ ਦਿੰਦਾ ਹੈ ਕਿ ਮੰਗਦੇ ਜਾਓ ਮਿਲਦਾ ਜਾਏਗਾ । ਮੰਗਣਾ ਮਨੁੱਖ ਦਾ ਖ਼ਾਸਾ (ਵਿਸ਼ੇਸ਼ ਗੁਣ) ਹੈ ਅਤੇ ਪਰਵਾਨਗੀ ਰੱਬ ਦਾ ਖ਼ਾਸਾ ਹੈ । ਸੋ, ਰੱਬ ਦੀਆਂ ਨੇਮਤਾਂ ਦੀ ਕਦਰ ਕਰੋ ਅਤੇ ਇਹਨਾ ਨੂੰ ਕੰਮ ਵਿੱਚ ਲਿਆਓ । ਕੁਦਰਤ ਦੇ ਨਿਯੱਮਾ ਵਿੱਚ ਦੁਆ ਦੀ ਪਰਵਾਨਗੀ ਦੀਆਂ ਉਧਾਰਣਾ ਮੌਜੂਦ ਹਨ ਅਤੇ ਹਰ ਜੁੱਗ ਵਿੱਚ ਰੱਬ ਜੀਉਂਦੇ ਨਮੂਨੇ ਭੇਜਦਾ ਹੈ । ਇਸੇ ਲਈ ਉਸ ਨੇ 'ਇਹਦਿਨਸ ਸਿਰਾਤਲ ਮੁਸਤਕੀਮ' (اِهۡدِنَا الصِّرَاطَ الۡمُسۡتَقِيۡمَ) ਦੀ ਦੁਆ ਦੀ ਸਿੱਖਿਆ ਦਿੱਤੀ ਹੈ ।

ਦੁਆ ਦੇ ਪੱਖੋਂ ਨਮਾਜ਼ ਦਾ ਉਦੇਸ਼ ਤੇ ਮਹਤੱਾ ਵਰਨਣ ਕਰਦਿਆਂ ਹੋਇਆਂ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨਮਾਜ਼ ਦਾ ਮੂਲ ਮੰਤਵ ਤੇ ਉਦੇਸ਼ ਹੀ ਦੁਆ ਹੈ ਅਤੇ ਦੁਆ ਮੰਗਣਾ ਕੁਦਰਤ ਦੇ ਨੀਯਮਾ ਅਨੁਸਾਰ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਕੁਝ ਗਲੱਾਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਦਾਨ ਕੀਤੇ ਮਹਾਨ ਖ਼ਜ਼ਾਨੇ ਵਿੱਚੋਂ ਪੇਸ਼ ਕੀਤੀਆਂ ਹਨ ਜਿੰਨ੍ਹਾ'ਤੇ ਅਮਲ ਕਰਕੇ ਅਸੀਂ ਰੱਬ ਦੀਆਂ ਮਿਹਰਾਂ ਨੂੰ ਪਾਉਣ ਵਾਲੇ ਬਣ ਸਕਦੇ ਹਾਂ । ਪਾਕਿਸਤਾਨ ਅਤੇ ਅਲ ਜਜ਼ਾਇਰ ਸਣੇ ਜਿੱਥੇ ਵੀ ਅਹਮਦੀਆਂ ਨੂੰ ਕਸ਼ਟ ਦਿੱਤੇ ਜਾਂਦੇ ਹਨ ਉਹਨਾ ਲਈ ਵਿਸ਼ੇਸ਼ ਰੂਪ ਵਿੱਚ ਦੁਆਵਾਂ ਕਰਨੀਆਂ ਚਾਹੀਦੀਆਂ ਹਨ । ਦੂਜਿਆਂ ਲਈ ਦੁਆਵਾਂ ਕਰਨ ਵਾਲਿਆਂ ਲਈ ਫ਼ਰਿਸ਼ਤੇ ਦੁਆਵਾਂ ਕਰਦੇ ਹਨ । ਸੋ, ਇਹ ਲਾਹੇਵੰਦ ਸੌਦਾ ਹੈ, ਇਸ ਲਈ ਇਹ ਨੁਸਖ਼ਾ ਵੀ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ । ਅਲੱਾਹ ਤਆਲਾ ਸਾਨੂੰ ਇਸ ਰਮਜ਼ਾਨ ਵਿੱਚ ਵਿਸ਼ੇਸ਼ ਰੂਪ ਵਿੱਚ ਇਸ ਨੁਸਖ਼ੇ'ਤੇ ਅਮਲ ਕਰਨ ਦਾ ਸੰਜੋਗ ਪ੍ਰਦਾਨ ਕਰੇ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا
مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰه اِنَّ اللّٰهَ يَأْمُرُ بِالْعَدْلِ
وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ
لَكُمْ وَلَذِكْرُ اللّٰهِ اَكْبَرُ۔

**Khulasa Khutba Jumma 16.04.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131